ਆਕਾਸ਼ਵਾਣੀ ਜਲੰਧਰ

ਰਾਸ਼ਟਰੀ ਖਬਰਾਂ ਪੰਜਾਬੀ

08:30

ਮਿਤੀ :26-11-2025

ਪਹਿਲਾਂ ਬੁਲੇਟਿਨ ਦੀਆਂ ਖ਼ਾਸ ਖ਼ਬਰਾਂ।

- ਦੇਸ਼ ਭਰ ਵਿੱਚ ਅੱਜ ਸੰਵਿਧਾਨ ਦਿਵਸ ਮਨਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਅਤੇ ਰਾਸ਼ਟਰੀ ਉਪਰਾਲਿਆਂ 'ਚ ਭਾਰਤ ਨੂੰ ਸਭ ਤੋਂ ਉੱਚਾ ਸਥਾਨ ਦੇਣ ਦਾ ਸੱਦਾ ਦਿੱਤਾ ਹੈ।

- ਸਰਕਾਰ ਨੇ ਰਾਸ਼ਟਰੀ ਯੂਰੀਆ ਨਿਵੇਸ਼ ਨੀਤੀ 2026 ਤਹਿਤ ਪੰਜਾਬ ਸਮੇਤ ਛੇ ਸੂਬਿਆਂ 'ਚ ਨਵੇਂ ਯੂਰੀਆ ਪਲਾਂਟ ਸਥਾਪਤ ਕਰਨ ਨੂੰ ਮਨਜ਼ੂਰੀ ਦਿੱਤੀ।

- ਗੋਆ ਵਿੱਚ ਇਫ਼ੀ ਦੌਰਾਨ ਕਰਵਾਏ ਗਏ ਵੇਵਜ਼ ਫ਼ਿਲਮ ਬਾਜ਼ਾਰ 'ਚ 54 ਦੇਸ਼ਾਂ ਦੇ 2,288 ਨੁਮਾਇੰਦੇ ਸ਼ਾਮਲ ਹੋਏ। 471 ਖ਼ਰੀਦਦਾਰਾਂ ਨੇ ਵੀ ਲਿਆ ਹਿੱਸਾ।

- ਡੀ. ਗੁਕੇਸ਼ ਨੇ ਜਿਨੇਵਾ 'ਚ ਫ਼ਿਡੇ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ 'ਚ ਦੂਜੀ ਬਾਜ਼ੀ ਬਰਾਬਰੀ 'ਤੇ ਖ਼ਤਮ ਕੀਤੀ।

- ਤੇ 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਚੌਥੇ ਦਿਨ ਅੱਜ ਚਾਰ ਮੈਚ ਖੇਡੇ ਜਾਣਗੇ।

ਤੇ ਹੁਣ ਖ਼ਬਰਾਂ ਵਿਸਥਾਰ ਨਾਲ।

ਅੱਜ ਦੇਸ਼ ਭਰ ਵਿੱਚ ਸੰਵਿਧਾਨ ਦਿਵਸ ਮਨਾਇਆ ਜਾ ਰਿਹਾ ਹੈ। ਇਹ ਦਿਨ ਸਾਲ 1949 'ਚ ਸੰਵਿਧਾਨਕ ਸਭਾ ਵੱਲੋਂ ਭਾਰਤ ਦੇ ਸੰਵਿਧਾਨ ਨੂੰ ਅਪਣਾਏ ਜਾਣ ਦੀ ਯਾਦ ਦਿਵਾਉਂਦਾ ਹੈ। ਸਾਲ 2015 ਤੋਂ ਸੰਵਿਧਾਨ ਦਿਵਸ ਸੰਵਿਧਾਨ 'ਚ ਦਰਜ ਸਿਧਾਂਤਾਂ ਤੇ ਕਦਰਾਂ-ਕੀਮਤਾਂ ਦੇ ਵਿਚਾਰ ਕਰਨ ਅਤੇ ਇਸ ਦੇ ਆਦਰਸ਼ਾਂ ਪ੍ਰਤੀ ਸਾਡੀ ਸਮੂਹਿਕ ਵਚਨਬੱਧਤਾ ਦੀ ਪੁਸ਼ਟੀ ਕਰਨ ਦੇ ਮੌਕੇ ਵਜੋਂ ਮਨਾਇਆ ਜਾਂਦਾ ਹੈ। ਇਸ ਸਮਾਗਮ ਦਾ ਉਦੇਸ਼ ਸੰਵਿਧਾਨਕ ਜਾਗਰੂਕਤਾ ਨੂੰ ਮਜ਼ਬੂਤ ਕਰਨਾ, ਨਾਗਰਿਕਾਂ 'ਚ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨਾ ਅਤੇ ਦੇਸ਼ ਦੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ 'ਚ ਸਰਗਰਮ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਹੈ। ਵੇਰਵੇ ਨਾਲ ਇੱਕ ਰਿਪੋਰਟ।

ਇਸ ਦਿਨ ਨੂੰ ਮਨਾਉਣ ਲਈ ਕੇਂਦਰ ਸਰਕਾਰ ਦੇ ਵੱਖ-ਵੱਖ ਮੰਤਰਾਲੇ ਅਤੇ ਵਿਭਾਗ, ਰਾਜ ਸਰਕਾਰਾਂ, ਕੇਂਦਰ ਸ਼ਾਸਤ ਪ੍ਰਦੇਸ਼ ਅਤੇ ਖ਼ੁਦਮੁਖ਼ਤਿਆਰ ਸੰਸਥਾਵਾਂ ਦੇਸ਼ ਭਰ ਵਿੱਚ ਸਮਾਗਮ ਕਰ ਰਹੀਆਂ ਨੇ। ਮੰਤਰਾਲੇ ਨੇ ਕਿਹਾ ਹੈ ਕਿ ਸੰਵਿਧਾਨ ਅਤੇ ਦੇਸ਼ ਦੇ ਲੋਕਤੰਤਰੀ ਢਾਂਚੇ ਵਿੱਚ ਇਸ ਦੀ ਮਹੱਤਤਾ ਬਾਰੇ ਸਮਝ ਵਧਾਉਣ ਲਈ ਡਿਜੀਟਲ ਪਲੇਟਫ਼ਾਰਮਾਂ ਅਤੇ ਭਾਈਚਾਰਕ ਪਹਿਲਕਦਮੀਆਂ ਰਾਹੀਂ ਕਈ ਜਾਗਰੂਕਤਾ ਪ੍ਰੋਗਰਾਮ ਵੀ ਚਲਾਏ ਜਾ ਰਹੇ ਨੇ। ਰਾਸ਼ਟਰਪਤੀ ਸ੍ਰੀਮਤੀ ਦ੍ਰੌਪਦੀ ਮੁਰਮੂ ਨਵੀਂ ਦਿੱਲੀ ਦੇ ਸੰਵਿਧਾਨ ਸਦਨ ਵਿਖੇ ਸਮਾਗਮਾਂ ਨੂੰ ਸੰਬੋਧਨ ਕਰਨਗੇ, ਜਦੋਂ ਕਿ ਉਪ ਰਾਸ਼ਟਰਪਤੀ ਸ੍ਰੀ ਸੀ. ਪੀ. ਰਾਧਾਕ੍ਰਿਸ਼ਨਨ ਵੀ ਕਾਨੂੰਨ ਅਤੇ ਨਿਆਂ ਮੰਤਰਾਲੇ ਵੱਲੋਂ ਆਯੋਜਿਤ ਇਸ ਪ੍ਰੋਗਰਾਮ ਨੂੰ ਸੰਬੋਧਨ ਕਰਨਗੇ। ਇਸ ਮੌਕੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਅਧੀਨ ਡਾ. ਅੰਬੇਡਕਰ ਫ਼ਾਊਂਡੇਸ਼ਨ ਅੱਜ ਨਵੀਂ ਦਿੱਲੀ ਦੇ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਿਖੇ ਸੰਵਿਧਾਨ ਦਿਵਸ ਸਮਾਰੋਹ ਦਾ ਆਯੋਜਨ ਕਰ ਰਿਹਾ ਹੈ। ਇਸ ਸਮਾਗਮ ਵਿੱਚ ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਡਾ. ਵਰਿੰਦਰ ਕੁਮਾਰ ਸ਼ਿਰਕਤ ਕਰਨਗੇ। ਬਿਊਰੋ ਰਿਪੋਰਟ ਨਾਲ ਮੈਂ ਰਾਜੇਸ਼ ਬਾਲੀ, ਆਕਾਸ਼ਵਾਣੀ ਖ਼ਬਰਾਂ, ਜਲੰਧਰ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਵਿਧਾਨ ਦਿਵਸ ਦੀ 77ਵੀਂ ਵਰ੍ਹੇਗੰਢ ਦੇ ਮੌਕੇ 'ਤੇ ਸਾਰੇ ਨਾਗਰਿਕਾਂ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਡਾ. ਬੀ. ਆਰ. ਅੰਬੇਡਕਰ ਤੇ ਸੰਵਿਧਾਨਕ ਸਭਾ ਦੀਆਂ ਹੋਰਨਾਂ ਸਾਰੀਆਂ ਮਹਾਨ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ੍ਰੀ ਮੋਦੀ ਨੇ ਕਿਹਾ ਕਿ ਸੰਵਿਧਾਨ ਦੇ ਰੂਪ 'ਚ ਸਾਨੂੰ ਦਿੱਤਾ ਗਿਆ ਤੋਹਫ਼ਾ ਭਾਰਤੀ ਲੋਕਤੰਤਰ ਲਈ ਇੱਕ ਅਨਮੋਲ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਇੱਕ ਵਿਕਸਤ ਭਾਰਤ ਵਾਸਤੇ ਸਾਡੇ ਸੰਕਲਪ ਨੂੰ ਸਾਕਾਰ ਕਰਨ 'ਚ ਅਗਵਾਈ ਕਰਦਾ ਰਹੇਗਾ। ਸ੍ਰੀ ਮੋਦੀ ਨੇ ਕਿਹਾ ਕਿ ਸੰਵਿਧਾਨ ਦਿਵਸ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਸਾਡੀ ਵਚਨਬੱਧਤਾ ਨੂੰ ਦੁਹਰਾਉਣ ਦਾ ਮੌਕਾ ਵੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੱਲ੍ਹ ਪ੍ਰਗਤੀ ਕਿਰਿਆਸ਼ੀਲ ਸ਼ਾਸਨ ਅਤੇ ਸਮੇਂ ਸਿਰ ਲਾਗੂ ਕਰਨ ਮੀਟਿੰਗ ਦੀ 55ਵੀਂ ਮੀਟਿੰਗ ਦੀ ਪ੍ਰਧਾਨਗੀ ਕੀਤੀ। ਸ੍ਰੀ ਮੋਦੀ ਨੇ ਸੜਕ, ਬਿਜਲੀ, ਕੋਲਾ ਤੇ ਰੇਲਵੇ ਖੇਤਰਾਂ ਵਿੱਚ ਪੰਜ ਮੁੱਖ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ। ਇਨ੍ਹਾਂ ਪ੍ਰੋਜੈਕਟਾਂ ਦੀ ਕੁੱਲ ਲਾਗਤ 78 ਹਜ਼ਾਰ ਕਰੋੜ ਤੋਂ ਵੱਧ ਹੈ। ਇਸ ਮੌਕੇ ਬੋਲਦਿਆਂ ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਨੂੰ ਸਮੇਂ ਸਿਰ

ਪੂਰਾ ਕਰਨ ਦੇ ਨਾਲੋ-ਨਾਲ ਨਿਰਮਾਣ ਗੁਣਵੱਤਾ ਦੇ ਉੱਚ ਮਿਆਰਾਂ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਸ੍ਰੀ ਮੋਦੀ ਨੇ ਉਦਯੋਗਿਕ ਸਿਖਲਾਈ ਸੰਸਥਾਵਾਂ ਪ੍ਰਣਾਲੀ ਦੀ ਸਮੀਖਿਆ ਕੀਤੀ, ਜਿਸ ਵਿੱਚ ਪ੍ਰਧਾਨ ਮੰਤਰੀ ਹੁਨਰ ਤੇ ਰੁਜ਼ਗਾਰ ਯੋਗਤਾ ਪਰਿਵਰਤਨ ਯੋਜਨਾ (ਪੀ. ਐੱਮ.-ਸੇਤੂ) ਨੂੰ ਲਾਗੂ ਕਰਨਾ ਵੀ ਸ਼ਾਮਲ ਹੈ। ਉਨ੍ਹਾਂ ਨੇ ਨੌਜਵਾਨਾਂ ਵਾਸਤੇ ਬਿਹਤਰ ਸਿਖਲਾਈ ਅਤੇ ਰੁਜ਼ਗਾਰ ਦੇ ਮੌਕੇ ਯਕੀਨੀ ਬਣਾਉਣ ਵਾਸਤੇ ਸੂਬਿਆਂ, ਆਈ.ਟੀ.ਆਈਜ਼ ਤੇ ਉਦਯੋਗ ਦਰਮਿਆਨ ਨਜ਼ਦੀਕੀ ਸਹਿਯੋਗ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਸ੍ਰੀ ਮੋਦੀ ਨੇ ਜਨਤਕ ਖੇਤਰ ਦੇ ਉੱਦਮਾਂ ਨੂੰ ਹੁਨਰਮੰਦ ਮੁਲਾਜ਼ਮਾਂ ਦੀ ਭਵਿੱਖ 'ਚ ਜ਼ਰੂਰਤ ਦਾ ਮੁਲਾਂਕਣ ਕਰਨ ਤੇ ਸੰਬੰਧਤ ਖੇਤਰਾਂ 'ਚ ਸਿਖਲਾਈ ਅਤੇ ਭਰਤੀ ਵਾਸਤੇ ਆਈ.ਟੀ.ਆਈਜ਼ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਥਾਨਕ ਜ਼ਰੂਰਤਾਂ ਦੇ ਮੁਤਾਬਕ ਹੁਨਰ ਵਿਕਾਸ ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰ ਸਕਦਾ ਹੈ। ਇਸ ਨਾਲ ਮਜਬੂਰੀ ਕਾਰਨ ਹੋਣ ਵਾਲੇ ਪ੍ਰਵਾਸ ਨੂੰ ਵੀ ਘਟਾਇਆ ਜਾ ਸਕਦਾ ਹੈ। ਸ੍ਰੀ ਮੋਦੀ ਨੇ ਆਈ.ਟੀ.ਆਈ ਸਿੱਖਿਆ ਲਈ ਕਲਾਸਰੂਮ ਕੰਪਨੀ ਕਰੀਅਰ 3C ਪਹੁੰਚ ਦੀ ਵੀ ਵਕਾਲਤ ਕੀਤੀ। ਇਹ ਕਲਾਸਰੂਮ ਸਿੱਖਿਆ ਨੂੰ ਉਦਯੋਗਾਂ 'ਚ ਵਿਹਾਰਕ ਸਿਖਲਾਈ ਨਾਲ ਜੋੜੇਗਾ, ਜਿਸ ਤੋਂ ਬਾਅਦ ਰੁਜ਼ਗਾਰ ਤੇ ਕਰੀਅਰ ਦੀ ਤਰੱਕੀ ਹੋਏਗੀ।

ਸਰਕਾਰ ਨੇ ਰਾਸ਼ਟਰੀ ਯੂਰੀਆ ਨਿਵੇਸ਼ ਨੀਤੀ 2026 ਦੇ ਤਹਿਤ 54 ਹਜ਼ਾਰ ਕਰੋੜ ਦੇ ਨਿਵੇਸ਼ ਨਾਲ ਛੇ ਨਵੇਂ ਯੂਰੀਆ ਪਲਾਂਟ ਸਥਾਪਤ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਇਹ ਸਾਰੇ ਪਲਾਂਟ ਮੌਜੂਦਾ ਉਦਯੋਗਿਕ ਕੰਪਲੈਕਸਾਂ ਵਿੱਚ ਸਥਾਪਤ ਕੀਤੇ ਜਾਣਗੇ। ਇਸ ਦਾ ਉਦੇਸ਼ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਕਰਨਾ, ਖਾਦਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਤੇ ਦੇਸ਼ ਨੂੰ ਯੂਰੀਆ ਉਤਪਾਦਨ ਵਿੱਚ ਆਤਮਨਿਰਭਰ ਬਣਾਉਣਾ ਹੈ। ਰਸਾਇਣ ਤੇ ਖਾਦ ਮੰਤਰਾਲੇ ਮੁਤਾਬਕ ਇਨ੍ਹਾਂ ਛੇ ਪਲਾਂਟਾਂ ਵਿੱਚ ਪੰਜਾਬ 'ਚ ਨੈਸ਼ਨਲ ਫ਼ਰਟੀਲਾਈਜ਼ਰ ਲਿਮਟਿਡ ਦਾ ਨੰਗਲ ਪਲਾਂਟ, ਤਾਮਿਲਨਾਡੂ ਵਿੱਚ ਮਦਰਾਸ ਫ਼ਰਟੀਲਾਈਜ਼ਰ ਲਿਮਟਿਡ, ਉੱਤਰ ਪ੍ਰਦੇਸ਼ 'ਚ ਸ਼ਾਹਜਹਾਂਪੁਰ ਪਲਾਂਟ, ਪੱਛਮੀ ਬੰਗਾਲ 'ਚ ਪਾਣਾਗੜ੍ਹ ਪਲਾਂਟ, ਰਾਜਸਥਾਨ ਵਿੱਚ ਚੰਬਲ ਫ਼ਰਟੀਲਾਈਜ਼ਰ ਦਾ ਕਾਗੜੇਪਨ ਪਲਾਂਟ ਅਤੇ ਉੱਤਰ ਪ੍ਰਦੇਸ਼ 'ਚ ਜਗਦੀਸ਼ਪੁਰ ਪਲਾਂਟ ਸ਼ਾਮਲ ਨੇ। ਮੰਤਰਾਲੇ ਨੇ ਕਿਹਾ ਹੈ ਕਿ ਮਦਰਾਸ ਇੱਕ ਜਨਤਕ ਖੇਤਰ ਦੇ ਅਦਾਰੇ ਪੀ.ਐੱਸ.ਯੂ. ਦਾ ਇੱਕ ਪ੍ਰੋਜੈਕਟ ਦੀ ਸਾਲਾਨਾ ਸਥਾਪਤ ਉਤਪਾਦਨ ਸਮਰੱਥਾ 12 ਲੱਖ 7 ਹਜ਼ਾਰ ਮੀਟ੍ਰਿਕ ਟਨ ਹੈ ਤੇ ਇਹ 60 ਸਾਲਾਂ ਤੋਂ ਵੱਧ ਪੁਰਾਣੇ ਮੌਜੂਦਾ ਪਲਾਂਟ ਦੀ ਥਾਂ ਲਵੇਗਾ।

ਇਹ ਖ਼ਬਰਾਂ ਤੁਸੀਂ ਆਕਾਸ਼ਵਾਣੀ ਤੋਂ ਸੁਣ ਰਹੇ ਹੋ। ਸਾਡਾ ਐਕਸ ਹੈਂਡਲ ਹੈ @AIRNewsJalandhar, ਸਾਡਾ ਫ਼ੇਸਬੁੱਕ ਪੇਜ ਹੈ RNU-AIR Jalandhar ਅਤੇ ਯੂਟਿਊਬ 'ਤੇ ਸਾਡਾ ਚੈਨਲ ਹੈ @AIRJalandhar।

ਕੇਂਦਰੀ ਮੰਤਰੀ ਮੰਡਲ ਨੇ ਹਵਾਬਾਜ਼ੀ ਖੇਤਰ ਵਿੱਚ ਰੱਖ-ਰਖਾਅ, ਮੁਰੰਮਤ ਤੇ ਨਵੀਨੀਕਰਨ (MRO) ਲਈ ਹੁਨਰ ਤੇ ਉਦਯੋਗ ਵਿਕਾਸ ਵਿੱਚ ਸਹਿਯੋਗ ਵਾਸਤੇ ਭਾਰਤ ਤੇ ਸਿੰਗਾਪੁਰ ਦਰਮਿਆਨ ਇੱਕ ਸਮਝੌਤਾ ਪੱਤਰ 'ਤੇ ਹਸਤਾਖ਼ਰ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਤਜਵੀਜ਼ਸ਼ੁਦਾ ਸਹਿਯੋਗ ਭਾਰਤੀ ਸਿਖਲਾਈ ਸੰਸਥਾਵਾਂ ਨੂੰ ਗਿਆਨ ਦੇ ਆਦਾਨ-ਪ੍ਰਦਾਨ ਤੇ ਉਦਯੋਗ 'ਚ ਜੁੜਾਅ ਰਾਹੀਂ ਆਪਣੇ ਪਾਠਕ੍ਰਮ ਤੇ ਸਿਖਲਾਈ ਸਮਰੱਥਾਵਾਂ ਨੂੰ ਮਜ਼ਬੂਤ ਕਰਨ 'ਚ ਮਦਦ ਕਰੇਗਾ। ਇਸ ਨਾਲ ਉਦਯੋਗ ਨੂੰ ਵਧੇਰੇ ਭਾਗੀਦਾਰੀ ਰਾਹੀਂ ਘਰੇਲੂ ਰੱਖ-ਰਖਾਅ, ਮੁਰੰਮਤ ਤੇ ਨਵੀਨੀਕਰਨ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਦੀ ਉਮੀਦ ਹੈ। ਇਸ ਸਮਝੌਤੇ ਦੇ ਨਾਲ-ਨਾਲ ਵਿਦੇਸ਼ੀ ਰੱਖ-ਰਖਾਅ ਸੇਵਾਵਾਂ 'ਤੇ ਭਾਰਤ ਦੀ ਨਿਰਭਰਤਾ ਨੂੰ ਘਟਾਏਗਾ। ਇਸ ਫ਼ੈਸਲੇ ਦਾ ਸੁਆਗਤ ਕਰਦਿਆਂ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਕਿਹਾ ਕਿ ਇਸ ਸਮਝੌਤੇ ਦਾ ਵੱਡਾ ਪ੍ਰਭਾਵ ਪਵੇਗਾ ਤੇ ਇਹ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਤਮਨਿਰਭਰ ਭਾਰਤ ਦੇ ਦ੍ਰਿਸ਼ਟੀਕੋਣ ਦੇ ਮੁਤਾਬਕ ਹੈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਭਾਰਤ ਦੇ ਹਵਾਬਾਜ਼ੀ ਵਾਤਾਵਰਣ ਪ੍ਰਣਾਲੀ ਨੂੰ ਮਜ਼ਬੂਤ ਵੀ ਕਰੇਗਾ।

ਗੋਆ ਵਿੱਚ ਚੱਲ ਰਹੇ ਭਾਰਤੀ ਅੰਤਰਰਾਸ਼ਟਰੀ ਫ਼ਿਲਮ ਸਮਾਰੋਹ ਇਫ਼ੀ ਵਿੱਚ ਕੱਲ੍ਹ ਹਾਲ ਹੀ 'ਚ ਸਮਾਪਤ ਹੋਏ ਵੇਵਜ਼ ਫ਼ਿਲਮ ਬਾਜ਼ਾਰ ਦੇ ਮੁੱਖ ਨਤੀਜਿਆਂ ਦਾ ਐਲਾਨ ਕੀਤਾ ਗਿਆ। ਇਸ ਵਿੱਚ ਇੱਕ ਰੰਗਾ-ਰੰਗ ਸਭਿਆਚਾਰਕ ਪ੍ਰੋਗਰਾਮ ਤੇ ਭਾਰਤੀ ਸਿਨੇਮਾ ਦੇ ਦਿੱਗਜ ਕਲਾਕਾਰਾਂ ਦਾ ਸਨਮਾਨ ਕਰਨ ਵਾਲੇ ਵਿਸ਼ੇਸ਼ ਸੈਸ਼ਨ ਵੀ ਕੀਤੇ ਗਏ। ਇਸ ਦੌਰਾਨ ਕਰਵਾਏ ਗਏ ਵੇਵਜ਼ ਫ਼ਿਲਮ ਬਾਜ਼ਾਰ ਵਿੱਚ 54 ਦੇਸ਼ਾਂ ਦੇ 2,288 ਨੁਮਾਇੰਦੇ ਸ਼ਾਮਲ ਹੋਏ ਅਤੇ 471 ਖ਼ਰੀਦਦਾਰਾਂ ਨੇ ਵੀ ਹਿੱਸਾ ਲਿਆ।

ਚੋਣ ਕਮਿਸ਼ਨ ਨੇ 25 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਮੌਜੂਦਾ ਵੋਟਰ ਸੂਚੀਆਂ ਵਿੱਚ ਵੋਟਰਾਂ ਦੇ ਵੇਰਵਿਆਂ 'ਚ ਗ਼ਲਤ ਜਾਂ ਖ਼ਾਮੀ ਵਾਲੀਆਂ ਐਂਟਰੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਠੀਕ ਕਰਨ ਲਈ ਕਿਹਾ ਹੈ। ਵਿਸ਼ੇਸ਼ ਸੰਖੇਪ ਸੋਧ (SSR) ਪ੍ਰਕਿਰਿਆ ਚੱਲ ਰਹੀ ਹੈ। ਮੁੱਖ ਚੋਣ ਅਧਿਕਾਰੀਆਂ ਨੂੰ ਲਿਖੇ ਇੱਕ ਪੱਤਰ 'ਚ ਚੋਣ

ਕਮਿਸ਼ਨ ਨੇ ਕਿਹਾ ਹੈ ਕਿ ਨਾਮ ਤੇ ਜਨਮ ਤਾਰੀਖ਼ ਵਰਗੇ ਵੇਰਵਿਆਂ 'ਚ ਗ਼ਲਤੀਆਂ ਦੀ ਪਛਾਣ ਕੀਤੀ ਜਾਵੇ।

ਵਿਗਿਆਨ ਤੇ ਟੈਕਨਾਲੋਜੀ ਮੰਤਰੀ ਡਾ. ਜਤਿੰਦਰ ਸਿੰਘ ਨੇ ਕਿਹਾ ਹੈ ਕਿ ਭਾਰਤ ਦੀ ਬਾਇਓ-ਟੈਕਨਾਲੋਜੀ ਸਦਕਾ ਜੈਵਿਕ ਅਰਥਵਿਵਸਥਾ 2030 ਤੱਕ... ਨਵੀਂ ਦਿੱਲੀ 'ਚ ਆਯੋਜਿਤ ਸੀ.ਆਈ.ਆਈ. ਗਲੋਬਲ ਜੀਨੋਮਿਕਸ ਸੰਮੇਲਨ 2026 ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਭਾਰਤ ਦਾ ਬਾਇਓ-ਟੈਕਨਾਲੋਜੀ ਸਟਾਰਟਅੱਪ ਈਕੋਸਿਸਟਮ 2014 'ਚ ਕਰੀਬ 50 ਤੋਂ 60 ਸਟਾਰਟਅੱਪ ਤੋਂ ਵੱਧ ਕੇ ਹੁਣ 11 ਹਜ਼ਾਰ ਹੋ ਗਿਆ ਹੈ।

FIDE ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਵਿੱਚ ਭਾਰਤ ਦੇ ਡੀ. ਗੁਕੇਸ਼ ਅਤੇ ਉਜ਼ਬੇਕਿਸਤਾਨ ਦੇ ਜਾਵੋਖ਼ੀਰ ਸਿੰਦਾਰੋਵ ਦਰਮਿਆਨ ਦੂਜਾ ਮੈਚ ਡਰਾਅ ਰਿਹਾ। ਸਫ਼ੈਦ ਮੋਹਰਿਆਂ ਨਾਲ ਖੇਡਦੇ ਹੋਏ ਗੁਕੇਸ਼ ਨੇ ਲੰਡਨ ਸਿਸਟਮ ਅਪਣਾਇਆ ਪਰ ਉਨ੍ਹਾਂ ਨੂੰ ਲੀਡ ਨਹੀਂ ਮਿਲ ਸਕੀ।

ਜਲੰਧਰ ਵਿੱਚ ਖੇਡੇ ਜਾ ਰਹੇ 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਤਿੰਨ ਮਹੱਤਵਪੂਰਨ ਮੈਚਾਂ ਵਿੱਚ ਕੱਲ੍ਹ ਸ਼ਾਮ ਰੇਲ

ਕੋਚ ਫ਼ੈਕਟਰੀ ਕਪੂਰਥਲਾ ਨੇ ਬੀ.ਐੱਸ.ਐੱਫ਼. ਜਲੰਧਰ 'ਤੇ 4-1 ਨਾਲ ਜਿੱਤ ਦਰਜ ਕੀਤੀ, ਜਦਕਿ ਭਾਰਤ ਪੈਟਰੋਲੀਅਮ ਤੇ ਆਰਮੀ ਦਿੱਲੀ ਦਰਮਿਆਨ ਮੈਚ 0-0 ਨਾਲ ਡਰਾਅ ਰਿਹਾ। ਪੰਜਾਬ ਪੁਲਿਸ ਦੀ ਟੀਮ ਨੇ ਇੰਡੀਅਨ ਨੇਵੀ ਮੁੰਬਈ ਨੂੰ 4-1 ਨਾਲ ਹਰਾਇਆ। ਅੱਜ ਦੇ ਚਾਰ ਕੁਆਰਟਰ ਫ਼ਾਈਨਲ ਮੈਚਾਂ ਵਿੱਚ ਇੰਡੀਅਨ ਆਇਲ ਮੁੰਬਈ ਦਾ ਦੁਪਹਿਰ 12 ਵਜੇ ਪੰਜਾਬ ਨੈਸ਼ਨਲ ਬੈਂਕ ਦਿੱਲੀ ਨਾਲ ਮੁਕਾਬਲਾ ਹੋਵੇਗਾ। ਇਸੇ ਤਰ੍ਹਾਂ ਭਾਰਤੀ ਹਵਾਈ ਸੈਨਾ ਦਾ ਮੁਕਾਬਲਾ ਦੁਪਹਿਰ 2 ਵਜੇ ਸੀ.ਏ.ਜੀ. ਦਿੱਲੀ ਨਾਲ, ਭਾਰਤੀ ਪੈਟਰੋਲੀਅਮ ਮੁੰਬਈ ਦਾ ਸਾਹਮਣਾ ਬਾਅਦ ਦੁਪਹਿਰ 3:30 ਵਜੇ ਰੇਲ ਕੋਚ ਫ਼ੈਕਟਰੀ ਕਪੂਰਥਲਾ ਨਾਲ ਤੇ ਪੰਜਾਬ ਪੁਲਿਸ ਦਾ ਮੁਕਾਬਲਾ ਸ਼ਾਮੀਂ 5:30 ਵਜੇ ਪੰਜਾਬ ਐਂਡ ਸਿੰਧ ਬੈਂਕ ਦਿੱਲੀ ਨਾਲ ਹੋਵੇਗਾ।

ਤੇ ਆਖ਼ਰ 'ਚ ਖ਼ਾਸ ਖ਼ਬਰਾਂ ਇੱਕ ਵਾਰ ਫ਼ਿਰ ਤੋਂ।

- ਦੇਸ਼ ਭਰ ਵਿੱਚ ਅੱਜ ਸੰਵਿਧਾਨ ਦਿਵਸ ਮਨਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਅਤੇ ਰਾਸ਼ਟਰੀ ਉਪਰਾਲਿਆਂ 'ਚ ਭਾਰਤ ਨੂੰ ਸਭ ਤੋਂ ਉੱਚਾ ਸਥਾਨ ਦੇਣ ਦਾ ਸੱਦਾ ਦਿੱਤਾ ਹੈ।

- ਸਰਕਾਰ ਨੇ ਰਾਸ਼ਟਰੀ ਯੂਰੀਆ ਨਿਵੇਸ਼ ਨੀਤੀ 2026 ਤਹਿਤ ਪੰਜਾਬ ਸਮੇਤ ਛੇ ਸੂਬਿਆਂ 'ਚ ਨਵੇਂ ਯੂਰੀਆ ਪਲਾਂਟ ਸਥਾਪਤ ਕਰਨ ਨੂੰ ਮਨਜ਼ੂਰੀ ਦਿੱਤੀ।
- ਗੋਆ 'ਚ ਇਫ਼ੀ ਦੌਰਾਨ ਕਰਵਾਏ ਗਏ ਵੇਵਜ਼ ਫ਼ਿਲਮ ਬਾਜ਼ਾਰ ਵਿੱਚੋਂ 54 ਦੇਸ਼ਾਂ ਦੇ 2,288 ਨੁਮਾਇੰਦੇ ਸ਼ਾਮਲ ਹੋਏ।
- ਡੀ. ਗੁਕੇਸ਼ ਨੇ ਜਿਨੇਵਾ 'ਚ ਫ਼ਿਡੇ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ 'ਚ ਦੂਜੀ ਬਾਜ਼ੀ ਬਰਾਬਰੀ 'ਤੇ ਖ਼ਤਮ ਕੀਤੀ ਅਤੇ
- ਪੰਜਾਬ ਦੇ ਜਲੰਧਰ 'ਚ ਖੇਡੇ ਜਾ ਰਹੇ 43ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਚੌਥੇ ਦਿਨ ਅੱਜ ਚਾਰ ਮੈਚ ਖੇਡੇ ਜਾਣਗੇ।

ਇਸ ਦੇ ਨਾਲ ਹੀ ਰਾਸ਼ਟਰੀ ਖ਼ਬਰਾਂ ਦਾ ਇਹ ਬੁਲੇਟਿਨ ਖ਼ਤਮ ਹੁੰਦਾ ਹੈ। ਪ੍ਰਦੇਸ਼ਕ ਖ਼ਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ ਦੁਪਹਿਰ 1:10 'ਤੇ। ਨਮਸਕਾਰ।